Downloaded From: http://iasexamportal.com

CS (MAIN) Exam:2016

M-ESC-CU-PJB

# ਪੰਜਾਬੀ / PUNJABI

( ਲਾਜ਼ਮੀ ) / ( COMPULSORY )

ਨਿਰਧਾਰਿਤ ਸਮਾਂ : ਤਿੰਨ ਘੰਟੇ
Time Allowed : **Three Hours**

ਕੁੱਲ ਅੰਕ : 300
Maximum Marks : **300**

---

**ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ**

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।

ਹਰ ਪ੍ਰਸ਼ਨ ਦੇ ਅੰਕ ਉਸ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।

ਜੇ ਪ੍ਰਸ਼ਨ ਬਾਰੇ ਕੋਈ ਹੋਰ ਨਿਰਦੇਸ਼ ਨਹੀਂ ਦਿੱਤਾ ਗਿਆ ਤਾਂ ਉਸ ਦਾ ਉੱਤਰ **ਪੰਜਾਬੀ (ਗੁਰਮੁਖੀ)** ਵਿੱਚ ਹੀ ਲਿਖੋ ।

ਜੇ ਪ੍ਰਸ਼ਨ ਦੇ ਉੱਤਰ ਦੀ ਕੋਈ ਸ਼ਬਦ-ਸੀਮਾ ਦਿੱਤੀ ਗਈ ਹੈ ਤਾਂ ਉਸਦਾ ਪਾਲਨ ਕਰੋ । ਜੇ ਉੱਤਰ ਬਹੁਤ ਲੰਮਾ ਜਾਂ ਫਿਰ ਬਹੁਤ ਛੋਟਾ ਹੋਇਆ ਤਾਂ ਅੰਕ ਕੱਟੇ ਜਾ ਸਕਦੇ ਹਨ ।

ਉੱਤਰ-ਕਾਪੀ ਦੇ ਖਾਲੀ ਰਹਿ ਗਏ ਹਰ ਪੰਨੇ ਨੂੰ ਜ਼ਰੂਰ ਕੱਟਿਆ ਜਾਏ ।

**Question Paper Specific Instructions**

***Please read each of the following instructions carefully before attempting questions :***

*All questions are to be attempted.*

*The number of marks carried by a question is indicated against it.*

*Answers must be written in* ***PUNJABI (Gurumukhi script)*** *unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the Question cum Answer Booklet must be clearly struck off.*

---



Downloaded From: http://iasexamportal.com

Downloaded From: http://iasexamportal.com

**Q1. ਹੇਠ ਲਿਖਿਆਂ ਵਿਚੋਂ ਕਿਸੇ ਇੱਕ ਵਿਸ਼ੇ ਬਾਰੇ 600 ਸ਼ਬਦਾਂ ਵਿਚ ਨਿਬੰਧ ਲਿਖੋ :** ***100***

(a) 'ਸੰਸਕ੍ਰਿਤੀ' ਦੀ ਕੀ ਲੋੜ ਹੈ ?

(b) ਫੁਰਤੀਲੇ (smart) ਨਗਰ ਤੇ ਸਿਧੜੇ (unsmart) ਵਾਸੀ ।

(c) ਅਦਾਲਤੀ ਸਰਗਰਮੀ (activism) ਬਨਾਮ ਅਦਾਲਤੀ ਚਲਾਕੀ (overreach) ।

(d) ਸਾਡੀ ਵਿਰਾਸਤ ਅਤੇ ਸਕੂਲੀ ਬੱਚੇ ।

**Q2. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਵਿਚੋਂ ਅੰਤ ਵਿਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿਚ ਲਿਖੋ : (ਉੱਤਰ ਸਪਸ਼ਟ, ਸੰਖੇਪ ਅਤੇ ਸਹੀ ਹੋਣ)** ***12×5=60***

ਕਿਹਾ ਜਾਂਦਾ ਹੈ ਔਰਤਾਂ ਅੱਜ ਕਲ ਅੱਧਾ ਅਸਮਾਨ ਮਲ ਬੈਠੀਆਂ ਹਨ । ਇਸ ਨੂੰ ਥੋੜ੍ਹਾ ਹੋਰ ਸੋਧ ਕੇ ਕਹਿ ਸਕਦੇ ਹਾਂ ਕਿ ਉਹ ਇਸ ਤੋਂ ਵੱਧ ਦੀਆਂ ਹੱਕਦਾਰ ਹਨ । ਫਿਰ ਵੀ ਸੱਚ ਇਹ ਹੈ ਕਿ ਹਰ ਦੇਸ ਦੇ ਇਤਿਹਾਸ ਦੇ ਹਰ ਯੁੱਗ ਵਿਚ ਉਥੋਂ ਦੀ ਸੰਸਕ੍ਰਿਤੀ ਅਤੇ ਪਰੰਪਰਾ, ਅਧਿਕਾਰ-ਖੇਤਰ, ਧਰਮ, ਜਾਤੀ, ਵਰਗ, ਸ਼੍ਰੇਣੀ, ਨਸਲ, ਵਰਣ ਅਤੇ ਵੱਖੋ ਵੱਖਰੇ ਅਤੀਤ ਤੇ ਵਰਤਮਾਨ ਵਿਚ ਵੀ ਇਸਤ੍ਰੀਆਂ ਨੂੰ ਜੀਵਨ ਦੇ ਹਰ ਖੇਤਰ ਵਿਚ ਮਰਦਾਂ ਤੋਂ ਘਟੀਆ ਸਮਝਿਆ ਜਾਂਦਾ ਰਿਹਾ ਹੈ । ਉਹਨਾਂ ਨਾਲ ਯੋਜਨਾ-ਬਧ ਢੰਗ ਨਾਲ ਭੋਜਨ, ਕੰਮ-ਕਾਜ, ਸਿਖਿਆ, ਸਿਹਤ ਅਤੇ ਵਿਕਾਸ ਵਿਚ ਦੇ ਕੰਮਾਂ ਵਿਚ ਹਿੱਸੇਦਾਰ ਹੋਣ ਦੇ ਅਵਸਰਾਂ, ਰਾਹਨੁਮਾਈ ਕਰਨ ਅਤੇ ਆਪਣੇ ਸੁਫ਼ਨਿਆਂ ਨੂੰ ਸਾਕਾਰ ਕਰਨ ਦੇ ਮੌਕਿਆਂ ਵੇਲੇ ਵੀ ਵਿਤਕਰਾ ਕੀਤਾ ਜਾਂਦਾ ਹੈ । ਵੇਖਿਆ ਜਾਏ ਤਾਂ ਸਹੀ ਅਰਥਾਂ ਵਿਚ ਉਹਨੂੰ ਸੰਸਾਰ ਦੀ ਸਭ ਤੋਂ ਵੱਡੀ 'ਅਲਪ-ਸੰਖਿਅਕ' ਕਿਹਾ ਜਾ ਸਕਦਾ ਹੈ ।

ਪਿੱਤਰੀ-ਸੱਤਾ ਔਰਤਾਂ ਨੂੰ ਵਿਅਕਤੀ ਦੇ ਰੂਪ ਵਿਚ ਨਹੀਂ ਦੇਖਦੀ ਜਿਸ ਦੀ ਕੋਈ ਵੱਖਰੀ ਪਛਾਣ ਹੋਵੇ । ਉਹਨਾਂ ਨੂੰ ਇਕ ਸੰਪੂਰਨ ਮਨੁੱਖ ਦੇ ਰੂਪ ਵਿਚ ਵੀ ਨਹੀਂ ਦੇਖਿਆ ਜਾਂਦਾ । ਉਸਦੀ ਵੀ ਆਪਣੀ ਇੱਜ਼ਤ ਅਤੇ ਖੁਦ-ਮੁਖ਼ਤਿਆਰੀ ਹੈ; ਸਮਾਜਕ ਵਿਵਸਥਾ, ਕਨੂੰਨ ਅਤੇ ਵੱਡੀਆਂ ਸੰਸਥਾਵਾਂ ਵਿਚ ਉਹਦੇ ਵੀ ਬਰਾਬਰ ਦੇ ਅਧਿਕਾਰ ਹਨ । ਪਰ ਇਸ ਦੀ ਬਜਾਏ ਉਹ ਮਰਦ ਦੀ ਕੇਵਲ ਕਠਪੁਤਲੀ ਸਮਝੀ ਜਾਂਦੀ ਹੈ । ਉਹ ਮਰਦ ਦੀ ਪੀੜ੍ਹੀ ਨੂੰ ਅੱਗੇ ਤੋਰਨ ਵਾਲੇ ਪ੍ਰਤੀਕ ਦੇ ਰੂਪ ਵਿਚ, ਉਸ ਪ੍ਰਤਿ ਸੇਵਾ-ਭਾਵ ਰੱਖਣਵਾਲੀ, ਉਸਦੀ ਕਾਮ-ਪੂਰਤੀ ਦਾ ਸਾਧਨ ਅਤੇ ਪਰਿਵਾਰ ਦੀ ਸੁਖ-ਸੰਪਨਤਾ ਦੀ ਵਾਹਕ ਦੇ ਰੂਪ ਵਿਚ ਸਵੀਕਾਰੀ ਗਈ ਹੈ । ਉਸ ਦੀ ਸਭਿਆਚਾਰਕ ਸਵੀਕ੍ਰਿਤੀ ਕੇਵਲ ਇਸ ਰੂਪ ਵਿਚ ਹੈ ਕਿ ਉਹ ਕਿਸੇ ਮਰਦ ਦੀ ਧੀ ਪਤਨੀ ਜਾਂ ਮਾਂ ਹੈ । ਇਸ ਤੋਂ ਬਿਨਾ ਉਹਦੀ ਹੋਰ ਕੋਈ ਪਛਾਣ ਨਹੀਂ ਹੈ । ਇਸੇ ਕਰਕੇ ਉਹ ਬੇਲੋੜੀ ਹੈ ਅਤੇ ਉਹਦਾ ਘਟੀਆ ਦਰਜਾ ਹੈ ।



Downloaded From: http://iasexamportal.com

Downloaded From: http://iasexamportal.com

ਇਕੱਲੀਆਂ ਰਹਿਣ ਵਾਲੀਆਂ ਔਰਤਾਂ ਇਸ ਘੇਰੇ ਤੋਂ ਬਾਹਰ ਖਲੋਤੀਆਂ ਦਿਸਦੀਆਂ ਹਨ । ਇਹਨਾਂ ਵਿਚ ਉਹ ਵੀ ਸ਼ਾਮਲ ਹਨ ਜੋ ਸਭਿਆਚਾਰ ਦੀ ਮਨਜ਼ੂਰ-ਸ਼ੁਦਾ ਵਿਆਹੁਣ ਵਾਲੀ ਉਮਰ ਦੀਆਂ ਹਨ, ਪਰ ਅਜੇ ਕੁਆਰੀਆਂ ਹਨ ਜਾਂ ਉਹ ਔਰਤਾਂ ਜੋ ਵਿਧਵਾ ਹਨ, ਤਲਾਕਸ਼ੁਦਾ ਹਨ ਜਾਂ ਇੱਕਲੀਆਂ ਰਹਿੰਦੀਆਂ ਹਨ । ਪੁਰਸ਼ ਦੀ ਛੱਤਰਛਾਇਆ ਤੋਂ ਬਾਹਰਵਾਹ ਰਹਿਣ ਵਾਲੀ ਔਰਤ ਅੱਛੀ ਨਹੀਂ ਸਮਝੀ ਜਾਂਦੀ । ਜੇ ਉਹ ਮਿੱਥ ਕੇ ਆਦਮੀ ਦੀ ਹਿਫਾਜ਼ਤ ਤੋਂ ਬਿਨਾ ਰਹੇ ਤਾਂ ਉਹ ਹੋਰ ਵੀ ਮਾੜੀ ਹੈ । ਉਹ ਵੀ ਮਾੜੀ ਜੋ ਆਪਣੇ ਜੀਵਨ ਸਾਥੀ ਨੂੰ ਦੁਰਘਟਨਾ ਜਾਂ ਬੀਮਾਰੀ ਕਰਕੇ ਗੁਆ ਚੁੱਕੀ ਹੋਵੇ । ਮਰਦ ਨੂੰ ਸੱਭ ਤੋਂ ਵੱਧ ਚਿੜ੍ਹ ਉਸ ਔਰਤ ਪ੍ਰਤਿ ਹੈ ਜੋ ਨਾ ਕੇਵਲ ਇਕੱਲੀ ਰਹਿੰਦੀ ਹੈ ਬਲਕਿ ਆਦਮੀ ਦੀ ਛਤਰਛਾਇਆ ਤੋਂ ਬਾਹਰ ਰਹਿ ਕੇ ਵੀ ਪੂਰੀ ਇਜ਼ਤ ਮਾਣ ਨਾਲ ਜ਼ਿੰਦਗੀ ਜੀਉਂ ਰਹੀ ਹੈ ।

ਵਿਕਸਿਤ ਦੇਸਾਂ ਵਿਚ ਵੀ 60 ਤੋਂ 80 ਫੀਸਦੀ ਤਕ ਖਾਦ-ਪਦਾਰਥਾਂ ਦਾ ਉਤਪਾਦਨ ਔਰਤਾਂ ਕਰਦੀਆਂ ਹਨ ਅਤੇ ਵਿਸ਼ਵ ਭਰ ਦੇ ਅੱਧੇ ਭੋਜਨ-ਪਦਾਰਥਾਂ ਨੂੰ ਪੈਦਾ ਕਰਨ ਦਾ ਸਿਹਰਾ ਉਹਨਾਂ ਸਿਰ ਬਝਦਾ ਹੈ । ਸਭਿਆਚਾਰਕ ਰੂਪ ਵਿਚ ਵੀ ਜੇ ਦੇਖਿਆ ਜਾਵੇ ਤਾਂ ਬਹੁਤੇ ਘਰਾਂ ਦੀਆਂ ਅੰਨਦਾਤਾ ਔਰਤਾਂ ਹੀ ਹਨ । ਫਿਰ ਵੀ ਭਾਰਤੀ ਸਮਾਜ ਦੀਆਂ ਰੀਤ-ਮਰਿਆਦਾਵਾਂ ਇਹ ਪੱਕਾ ਕਰਦੀਆਂ ਹਨ ਕਿ ਔਰਤਾਂ ਨਾ ਕੇਵਲ ਘਟ ਖਾਣ ਬਲਕਿ ਕਦੇ ਕਦੇ ਇਹ ਵੀ ਹੋ ਜਾਏ ਕਿ ਉਹਨਾਂ ਦੇ ਖਾਣ ਲਈ ਕੁਝ ਨਾ ਬਚੇ । ਅਜਿਹੇ ਘਰਾਂ ਵਿਚ ਵੀ ਕਿ ਜਿੱਥੇ ਭੋਜਨ ਦੀ ਕੋਈ ਥੁੜ੍ਹ ਨਹੀਂ ਉਥੇ ਵੀ ਔਰਤਾਂ ਨੂੰ ਪੋਸ਼ਟਿਕ-ਭੋਜਨ ਨਹੀਂ ਮਿਲਦਾ । ਇਕੱਲੀਆਂ ਕਾਰੀਆਂ ਔਰਤਾਂ ਵੀ ਸਮਾਜਿਕ-ਬੰਧਨਾਂ ਅਤੇ ਵਿਤਕਰਿਆਂ ਕਰਕੇ ਇਸੇ ਸ਼੍ਰੇਣੀ ਵਿਚ ਆ ਜਾਂਦੀਆਂ ਹਨ, ਭਾਵੇਂ ਉਹ ਸਾਰੀ ਉਮਰ ਇੱਕਲੀਆਂ ਆਪਣੇ ਦਮ ਉਤੇ ਜੀਵਨ-ਸੰਘਰਸ਼ ਕਰਦੀਆਂ ਹਨ ।

ਭਾਰਤ ਉਹਨਾਂ ਦੇਸਾਂ ਵਿਚੋਂ ਹੈ ਜਿਥੇ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਘਟ-ਗਿਣਤੀ ਵਿਚ ਹਨ । ਪਿਛਲੀ ਸਦੀ ਤੋਂ ਦੇਸ ਦੀ ਜਨ-ਸੰਖਿਆ ਵਿਚ ਉਹਨਾਂ ਦੀ ਔਸਤਨ ਗਿਣਤੀ ਘਟ ਰਹੀ ਹੈ । 2001 ਦੀ ਮਰਦਮ-ਸ਼ੁਮਾਰੀ ਤੋਂ ਇਹ ਪਤਾ ਲੱਗਾ ਕਿ 1000 ਆਦਮੀਆਂ ਪਿਛੇ ਔਰਤਾਂ ਦੀ ਗਿਣਤੀ 933 ਹੈ । ਜੇ ਔਰਤਾਂ ਨੂੰ ਆਦਮੀਆਂ ਦੇ ਬਰਾਬਰ ਅਵਸਰ ਮਿਲਣ ਅਤੇ ਨਾਲ ਹੀ ਉਹਨਾਂ ਦੀ ਸਿਹਤ ਅਤੇ ਖ਼ੁਰਾਕ ਦਾ ਧਿਆਨ ਰਖਿਆ ਜਾਏ ਤਾਂ ਇਹ ਪੱਕੀ ਸੰਭਾਵਨਾ ਹੈ ਕਿ ਔਰਤਾਂ ਅਤੇ ਮਰਦਾਂ ਦੀ ਸੰਖਿਆ ਬਰਾਬਰ ਹੋ ਜਾਏ । ਹੁਣ ਤਕ 2001 ਵਿਚ ਮਰਦਾਂ ਦੇ ਮੁਕਾਬਲੇ ਵਿਚ ਔਰਤਾਂ 3 ਕਰੋੜ 50 ਲਖ ਘਟ ਸਨ । ਇਸ ਅਨਪਾਤ ਵਿਚ 2011 ਦੀ ਮਰਦਮ-ਸ਼ੁਮਾਰੀ ਵਿਚ ਥੋੜ੍ਹਾ ਜਿਹਾ ਸੁਧਾਰ ਹੋਇਆ ਹੈ ਜਦੋਂ 933 ਦੀ ਤੁਲਨਾ ਵਿਚ ਇਹ ਅੰਕੜਾ 940 ਹੋ ਗਿਆ । ਇਕ ਹੋਰ ਵੱਡੀ ਚਿੰਤਾ ਦਾ ਵਿਸ਼ਾ ਇਹ ਵੀ ਹੈ ਕਿ 2001 ਵਿਚ 6 ਸਾਲ ਤਕ ਦੇ ਬੱਚਿਆਂ ਵਿਚ ਲੜਕਿਆਂ ਦੇ ਮੁਕਾਬਲੇ ਵਿਚ ਲੜਕੀਆਂ



Downloaded From: http://iasexamportal.com

Downloaded From: http://iasexamportal.com

ਦੀ ਜਨਮ ਦਰ 927 ਹੀ ਰਹਿ ਗਈ ਅਤੇ 2011 ਵਿਚ ਹੋਰ ਵੀ ਘਟ ਕੇ 914 ਰਹਿ ਗਈ । ਇਹ ਅੰਕੜੇ ਦਸਦੇ ਹਨ ਕਿ ਸਮਾਜਿਕ ਤੇ ਸਾਂਸਕ੍ਰਿਤਕ ਵਿਸੰਗਤੀਆਂ ਤੇ ਨਾਲ ਹੀ ਯਾਂਤਰਿਕ ਸਹੂਲਤਾਂ ਦੇ ਵਧਣ ਨਾਲ ਔਰਤਾਂ ਦੇ ਜੀਵਨ ਅਵਸਰ ਲਗਾਤਾਰ ਘਟਦੇ ਜਾ ਰਹੇ ਹਨ । ਇਹ ਪੱਕੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਭਾਰਤੀ ਸਮਾਜ ਵਿਚ ਗਿਣ ਮਿਥ ਕੇ ਲੱਖਾਂ ਲੜਕੀਆਂ ਅਤੇ ਔਰਤਾਂ ਕੋਹੀਆਂ ਜਾ ਰਹੀਆਂ ਹਨ ।

**ਪ੍ਰਸ਼ਨ :**

(a) ਮਰਦਮ-ਸ਼ੁਮਾਰੀ ਦੇ ਅੰਕੜੇ ਔਰਤਾਂ ਅਤੇ ਲੜਕੀਆਂ ਬਾਰੇ ਕੀ ਸੰਦੇਸ ਦੇਂਦੇ ਹਨ ? *12*

(b) ਭੋਜਨ ਅਤੇ ਇਸਤ੍ਰੀਆਂ ਵਿਚਲੀ ਕਾਣੀ-ਵੰਡ ਕਿਤਨੀ ਕੁ ਹਾਸੋ-ਹੀਣੀ ਹੈ ? *12*

(c) "ਔਰਤਾਂ ਅੱਧੇ ਤੋਂ ਵੱਧ ਅਸਮਾਨ ਮੱਲੀ ਬੈਠੀਆਂ ਹਨ" – ਇਸ ਕਥਨ ਤੋਂ ਲੇਖਕ ਦਾ ਕੀ ਭਾਵ ਹੈ ? *12*

(d) ਪਿਤਰੀ-ਸਮਾਜ ਵਿਚ ਔਰਤਾਂ ਕੇਵਲ ਯੰਤਰ-ਮਾਤਰ ਬਣ ਕੇ ਕਿਉਂ ਰਹਿ ਗਈਆਂ ਹਨ ? *12*

(e) ਲੇਖਕ ਅਨੁਸਾਰ ਸਾਡੇ ਸਮਾਜ ਵਿਚ ਇਕੱਲੀਆਂ ਰਹਿਣ ਵਾਲੀਆਂ ਔਰਤਾਂ ਵਧੇਰੇ ਦੁਰਬਲ ਕਿਵੇਂ ਹਨ ? *12*

**Q3. ਹੇਠ ਲਿਖੇ ਵਾਰਤਕ-ਅੰਸ਼ ਦਾ ਸੰਖੇਪ ਸਾਰ ਇਕ-ਤਿਹਾਈ ਭਾਗ ਵਿਚ ਲਿਖੋ । ਸਿਰਲੇਖ ਸੁਝਾਉਣਾ ਜ਼ਰੂਰੀ ਨਹੀਂ । ਸੰਖੇਪ ਸਾਰ ਆਪਣੇ ਸ਼ਬਦਾਂ ਵਿਚ ਲਿਖਿਆ ਜਾਵੇ ।** *60*

ਸਾਡੇ ਵਿਚੋਂ ਬਹੁਤੇ ਲੋਕ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਵਫ਼ਾਦਾਰ ਹੋਣਾ ਕਾਬਲੇ ਤਾਰੀਫ਼ ਹੈ । ਅਸੀ ਆਪਣੇ ਘਰ-ਪਰਿਵਾਰ, ਆਪਣੇ ਮਿੱਤਰਾਂ ਅਤੇ ਆਪਣੇ ਵਤਨ ਪ੍ਰਤਿ ਵਫ਼ਾਦਾਰੀ ਦੀ ਪ੍ਰਸੰਸਾ ਕਰਦੇ ਹਾਂ । ਦਰ ਅਸਲ ਉਹਨਾਂ ਸਾਰੇ ਵਿਅਕਤੀਗਤ ਲੋਕਾਂ ਤੇ ਸਮੂਹਾਂ ਪ੍ਰਤਿ ਸਾਨੂੰ ਵਫ਼ਾਦਾਰ ਹੋਣਾ ਵੀ ਚਾਹੀਦਾ ਹੈ ਜਿਹਨਾਂ ਪ੍ਰਤਿ ਅਸੀ ਸ਼ੁਕਰਗੁਜ਼ਾਰ ਹਾਂ । ਜਦੋਂ ਅਸੀ ਵਫ਼ਾਦਾਰੀ ਦੀ ਗੱਲ ਕਰਦੇ ਹਾਂ ਤਾਂ ਸਾਡਾ ਭਾਵ ਇਹ ਹੁੰਦਾ ਹੈ, ਕਿ ਜਦੋਂ ਉਹ ਲੋਕ ਕਠਨਾਈ ਜਾਂ ਕਿਸੇ ਮੁਸੀਬਤ ਵਿਚ ਹੋਣ ਤਾਂ ਅਸੀਂ ਉਹਨਾਂ ਦੀ ਮਦਦ ਲਈ ਖਲੋਤੇ ਹੋਈਏ ਅਤੇ ਹਰ ਸਮੇਂ ਉਹਨਾਂ ਦੇ ਭਲੇ ਵਿਚ ਆਪਣੀ ਰੁਚੀ ਦਿਖਾਈਏ ।

ਆਮਤੌਰ ਤੇ ਇਹ ਦੇਖਿਆ ਜਾਂਦਾ ਹੈ ਕਿ ਕੋਈ ਵੀ ਵਿਅਕਤੀ ਬੇ-ਵਫ਼ਾ ਉਦੋਂ ਹੁੰਦਾ ਹੈ ਜਦੋਂ ਆਪਣੇ ਮਾਪਿਆਂ ਦੇ ਦੁੱਖਦਰਦ ਤੋਂ ਬੇਫਿਕਰ ਹੋ ਜਾਂਦਾ ਹੈ ਜਾਂ ਆਪਣੇ ਹੀ ਵਤਨ ਦੀ ਫੌਜ ਪ੍ਰਤਿ ਵਿਦਰੋਹ ਕਰਦਾ ਹੈ ਅਤੇ ਆਪਣੇ ਦੇਸਵਾਸੀਆਂ ਨੂੰ ਹੀ ਅੰਧਾਧੁੰਦ ਮੌਤ ਦੇ ਘਾਟ ਉਤਾਰਨ ਲਗਦਾ ਹੈ । ਅਜਿਹੇ ਲੋਕਾਂ ਨੂੰ ਅਸੀਂ ਆਮਤੌਰ ਤੇ ਸਹੀ ਨਹੀਂ ਸਮਝਦੇ ।



Downloaded From: http://iasexamportal.com

Downloaded From: http://iasexamportal.com

ਪਰੰਤੂ ਕਈ ਕਵਾਰ ਅਜਿਹੀ ਸਥਿਤੀ ਵੀ ਪੈਦਾ ਹੋ ਜਾਂਦੀ ਹੈ ਜਦੋਂ ਇਹ ਫੈਸਲਾ ਕਰਨਾ ਕਠਨ ਹੋ ਜਾਂਦਾ ਹੈ ਕਿ ਕੌਣ ਵਫ਼ਾਦਾਰ ਹੈ ਤੇ ਕੌਣ ਬੇ-ਵਫ਼ਾ । ਇਕ ਚਤੁਰ ਬੱਚਾ ਆਪਣੇ ਮਾਂ-ਪਿਓ ਦੇ ਇਸ ਆਦੇਸ਼ ਦਾ ਵਿਰੋਧ ਕਰ ਸਕਦਾ ਹੈ ਕਿ ਉਹਨਾਂ ਦੀ ਮਾਲੀ ਸਹਾਇਤਾ ਵਾਸਤੇ ਉਹ ਪੜ੍ਹਾਈ ਛੱਡ ਕੇ ਕੰਮ-ਧੰਧੇ ਲਗ ਪਵੇ । ਹੋ ਸਕਦਾ ਹੈ ਉਹਦਾ ਵਿਸ਼ਵਾਸ ਹੋਵੇ ਕਿ ਉਹ ਆਪਣੀ ਪੜ੍ਹਾਈ-ਲਿਖਾਈ ਕੁਝ ਸਮਾਂ ਹੋਰ ਜਾਰੀ ਰੱਖ ਕੇ ਭਵਿੱਖ ਵਿਚ ਆਪਣੇ ਮਾਂ-ਪਿਓ ਦੀ ਬਿਹਤਰ ਮਦਦ ਕਰ ਸਕਦਾ ਹੈ, ਬਜਾਏ ਹੁਣ ਪੜ੍ਹਾਈ ਛੱਡ ਕੇ ਆਪਣੀ ਪ੍ਰਤਿਭਾ ਹਮੇਸ਼ਾਂ ਲਈ ਖੂਹ ਖਾਤੇ ਪਾ ਦੇਵੇ ਤੇ ਜਿਸਦਾ ਲਾਭ ਕਿਸੇ ਨੂੰ ਵੀ ਨਾ ਹੋਵੇ ।

ਕੁਝ ਅਜੀਬੋ-ਗਰੀਬ ਜਿਹੇ ਲੋਕ ਇਸ ਤਰ੍ਹਾਂ ਦਾ ਫੈਸਲਾ ਕਰਨ ਵਾਲੇ ਲੜਕੇ ਲੜਕੀਆਂ ਨੂੰ ਮਾੜਾ ਵੀ ਕਹਿ ਸਕਦੇ ਹਨ । ਪਰੰਤੂ ਜੇਕਰ ਇਸ ਤਰ੍ਹਾਂ ਦਾ ਬੱਚਾ ਫਰਜ਼ ਦਾ ਪਾਬੰਦ ਹੋਵੇ ਤੇ ਸੰਵੇਦਨਸ਼ੀਲ ਵੀ ਹੋਵੇ ਤਾਂ ਉਸ ਦੀ ਮਦਦ ਕੀਤੀ ਜਾਣੀ ਚਾਹੀਦੀ ਹੈ, ਉਸ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ, ਨਾ ਕਿ ਉਸ ਦੀ ਆਲੋਚਨਾ । ਦੂਜੇ ਬੰਨੇ ਕੁਝ ਵਿਸ਼ੇਸ਼ ਹਾਲਤਾਂ ਦੇ ਕਾਰਨ ਜੇ ਕੋਈ ਬੱਚਾ ਆਪਣੇ ਗ਼ਰੀਬ ਮਾਪਿਆਂ ਦੀ ਮਦਦ ਸੰਬੰਧੀ ਮੰਗ ਨੂੰ ਠੁਕਰਾ ਦੇਂਦਾ ਹੈ ਤਾਂ ਉਹਨੂੰ ਗ਼ੈਰ ਫਰਮਾਂਬਰਦਾਰ ਸਮਝਿਆ ਜਾਂਦਾ ਹੈ । ਜੇ ਉਹ ਭਵਿੱਖ ਵਿਚ ਸਫਲਤਾ ਹਾਸਿਲ ਕਰ ਲੈਂਦਾ ਹੈ ਤਾਂ ਵੀ ਉਹਨੂੰ ਮਾਂ-ਬਾਪ ਦੀ ਹੁਕਮ-ਅਦੂਲੀ ਦਾ ਪਛਤਾਵਾ ਲੱਗਾ ਰਹਿੰਦਾ ਹੈ ।

ਕਦੇ ਕਦੇ ਇਹ ਸਮੱਸਿਆ ਉਦੋਂ ਹੋਰ ਉਲਝ ਜਾਂਦੀ ਹੈ ਜਦੋਂ ਕਿਸੇ ਵਿਅਕਤੀ ਨੂੰ ਇਸ ਸੰਬੰਧ ਵਿਚ ਉਹਦੀ ਸਰਕਾਰ ਨਾਲ ਜੋੜ ਕੇ ਦੇਖਿਆ ਜਾਵੇ । ਇਹ ਸੰਜੀਦਾ ਅਤੇ ਜ਼ਿੰਮੇਵਾਰ ਲੋਕਾਂ ਦਾ ਉਹ ਸਮੂਹ ਹੈ ਜੋ ਹਰ ਹਾਲ ਆਪਣੇ ਦੇਸ ਨੂੰ ਖੁਸ਼ਹਾਲ ਅਤੇ ਵੱਧਦਾ-ਫੁੱਲਦਾ ਦੇਖਣਾ ਚਾਹੁੰਦੇ ਹਨ ਪਰ, ਕਦੇ ਕਦੇ ਸਰਕਾਰ ਦੇ ਖਿਲਾਫ਼ ਵਿਦਰੋਹ ਕਰ ਬੈਠਦੇ ਹਨ ਕਿਉਂਕਿ ਸਰਕਾਰ ਨਿਕੰਮੀ ਹੈ ਤੇ ਉਸ ਕੋਲ ਅਜਿਹੀ ਸਰਕਾਰ ਨੂੰ ਤਖ਼ਤੋਂ ਲਾਹ ਸੁੱਟਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੁੰਦਾ । ਅਜਿਹੇ ਲੋਕਾਂ ਨੂੰ ਸਰਕਾਰ ਤਤਕਾਲ ਵਿਦਰੋਹੀ ਤੇ ਦੇਸ-ਧ੍ਰੋਹੀ ਘੋਸ਼ਿਤ ਕਰ ਦੇਂਦੀ ਹੈ । ਹਾਂ, ਉਹ ਵਿਦਰੋਹੀ ਹੋ ਸਕਦੇ ਹਨ ਪਰ ਉਹਨਾਂ ਨੂੰ ਦੇਸ-ਧ੍ਰੋਹੀ ਕਹਿਣਾ ਉਚਿਤ ਨਹੀਂ ਲਗਦਾ । ਹੋ ਸਕਦਾ ਹੈ ਉਹ ਸਮੂਹ ਸਰਕਾਰ ਨਾਲੋਂ ਵਧ ਆਪਣੇ ਦੇਸ ਵਾਸੀਆਂ ਪ੍ਰਤਿ ਵਫ਼ਾਦਾਰ ਹੋਵੇ ।

ਬਦਕਿਸਮਤੀ ਨਾਲ ਉਦੋਂ ਤਕ ਇਹ ਕਹਿਣਾ ਬਹੁਤ ਕਠਨ ਹੈ ਕਿ ਉਸ ਸਮੂਹ ਦਾ ਵਿਦਰੋਹ ਆਪਣੇ ਦੇਸ ਪ੍ਰਤਿ ਵਫ਼ਾਦਾਰੀ ਤੋਂ ਪ੍ਰੇਰਿਤ ਹੈ ਜਾਂ ਨਿਜੀ ਸੁਆਰਥ ਕਰਕੇ । ਫੇਰ ਇਹ ਪ੍ਰਸ਼ਨ ਵੀ ਉਠਦਾ ਹੈ ਕਿ ਜੇ ਵਿਦਰੋਹੀ ਸਫਲ ਹੋ ਗਏ ਤੇ ਉਹਨਾਂ ਨੇ ਨਵੀਂ ਸਰਕਾਰ ਵੀ ਬਣਾ ਲਈ, ਤਾਂ ਕੀ ਹੁਣ ਇਹ ਆਪ ਸਵੀਕਾਰ ਕਰਨਗੇ ਕਿ ਦੇਸ ਦੀ ਸਮੂਹ ਜੰਨ-ਸੰਖਿਆ



Downloaded From: http://iasexamportal.com

Downloaded From: http://iasexamportal.com

ਅਤੇ ਸਾਰੇ ਰਾਜਨੀਤਕ ਦੋਸ਼ੀਆਂ ਦੇ ਵੀ ਕੁਝ ਅਧਿਕਾਰ ਅਵਸ਼ ਹਨ; ਜਿਵੇਂ ਕਿ ਆਪਣੀ ਰਾਏ ਨੂੰ ਪੂਰੀ ਆਜ਼ਾਦੀ ਨਾਲ ਪੇਸ਼ ਕਰਨ ਅਤੇ ਲੋਕ-ਪ੍ਰਿਯ ਸਹਿਮਤੀ ਬਣਾਉਣ ਲਈ ਪ੍ਰਯਤਨ ਦਾ ਅਧਿਕਾਰ । ਯਾਂ 21 ਉਹ ਸਮੂਹ ਆਪਣੀ ਤਾਕਤ ਦੀ ਵਰਤੋਂ ਕੇਵਲ ਰਾਜਨੀਤਕ ਦੋਸ਼ੀਆਂ ਨੂੰ ਸਮਾਪਤ ਕਰਨ ਵਿਚ ਖਰਚ ਕਰ ਰਿਹੈ ? ਜੇ ਉਹ ਪਹਿਲਾ ਵਾਲਾ ਅਮਲ ਕਰ ਰਹੇ ਹਨ ਤਾਂ ਸਮਝੋ ਉਹ ਆਪਣੇ ਦੇਸ ਪ੍ਰਤਿ ਪੂਰੀ ਤਰ੍ਹਾਂ ਵਫ਼ਾਦਾਰ ਹਨ ਨਾ ਕਿ ਆਪਣੇ ਸਮੂਹ ਦੇ ਲਾਭ ਪ੍ਰਤਿ । ਜੇ ਉਹ ਦੂਜੀ ਤਰ੍ਹਾਂ ਦਾ ਵਤੀਰਾ ਕਰ ਰਹੇ ਹਨ ਤਾਂ ਸਮਝੋ ਕਿ ਉਹ ਜਿਸ ਸਰਕਾਰ ਦਾ ਤਖ਼ਤਾ ਉਲਟਾ ਕੇ ਆਏ ਹਨ, ਉਸ ਤੋਂ ਵੱਧ ਦੇਸ ਪ੍ਰਤਿ ਵਫ਼ਾ ਉਹ ਵੀ ਨਹੀਂ ਪਾਲ ਰਹੇ । ਹਾਂ ਇਸ ਗੱਲ ਦੀ ਅਕਲ ਬਹੁਤ ਪਿੱਛੜ ਕੇ ਆਉਂਦੀ ਹੈ । (649 ਸ਼ਬਦ)

**Q4.** **ਹੇਠ ਲਿਖੇ ਗੱਦ-ਟੋਟੇ ਦਾ ਅੰਗਰੇਜ਼ੀ ਵਿਚ ਅਨੁਵਾਦ ਕਰੋ :** ***20***

ਇਕ ਅਮੀਰ ਆਪਣੇ ਜਹਾਜ਼ ਉਤੇ ਸਮੁੰਦਰੀ ਯਾਤਰਾ ਕਰਨ ਜਾ ਰਿਹਾ ਸੀ ਕਿ ਉਸੇ ਵੇਲੇ ਇਕ ਭਾਰੀ ਤੂਫ਼ਾਨ ਉਠਿਆ । ਉਸੇ ਜਹਾਜ਼ ਉਤੇ ਇਕ ਗ਼ੁਲਾਮ ਵੀ ਸੀ ਜੋ ਪਹਿਲੀ ਵਾਰੀ ਸਮੁੰਦਰੀ ਯਾਤਰਾ ਲਈ ਨਿਕਲਿਆ ਸੀ; ਡਰ ਨਾਲ ਰੋਣ ਪਿੱਟਣ ਲੱਗ ਪਿਆ । ਇੰਜ ਕੁਝ ਦੇਰ ਤਕ ਚਲਦਾ ਰਿਹਾ ਪਰ ਕੋਈ ਉਹਨੂੰ ਚੁੱਪ ਨਾ ਕਰਾ ਸਕਿਆ । ਅਮੀਰ ਨੇ ਗੁੱਸੇ ਨਾਲ ਪੁਛਿਆ — "ਕੀ ਏਥੇ ਕੋਈ ਨਹੀਂ ਜੋ ਇਸ ਵਾਹਯਾਤ ਕਾਇਰ ਨੂੰ ਚੁੱਪ ਕਰਾ ਸਕੇ ?"

ਇਕ ਫਲਾਸਫਰ ਵੀ ਉਸੇ ਜਹਾਜ਼ ਉਤੇ ਸਫਰ ਕਰ ਰਿਹਾ ਸੀ । ਉਹਨੇ ਅਮੀਰ ਨੂੰ ਕਿਹਾ, "ਮੈਨੂੰ ਲਗਦੈ ਮੈਂ ਇਸ ਆਦਮੀ ਨੂੰ ਚੁੱਪ ਕਰਾ ਸਕਦਾ ਹਾਂ ਜੇ ਕਰ ਸ੍ਰੀ ਮਾਨ ਜੀਓ ਮੈਨੂੰ ਇਹ ਇਜਾਜ਼ਤ ਦੇ ਦਿਓ ਕਿ ਮੈਂ ਇਸ ਨਾਲ ਜੋ ਮਰਜ਼ੀ ਕਰਾਂ ।" ਅਮੀਰ ਨੇ ਕਿਹਾ, "ਜੋ ਮਰਜ਼ੀ ਕਰ, ਤੈਨੂੰ ਇਜਾਜ਼ਤ ਹੈ ।"

ਫਲਾਸਫਰ ਨੇ ਕੁਝ ਮਲਾਹਾਂ ਨੂੰ ਸੱਦ ਕੇ ਹੁਕਮ ਦਿੱਤਾ ਕਿ ਇਸ ਗ਼ੁਲਾਮ ਨੂੰ ਸਮੁੰਦਰ ਵਿਚ ਧੱਕਾ ਦੇ ਦਿਓ । ਮਲਾਹਾਂ ਨੇ ਉਸੇ ਤਰ੍ਹਾਂ ਕੀਤਾ । ਲਾਚਾਰੀ ਵਸ ਉਹ ਗਰੀਬ ਵਿਚਾਰਾ ਡਰ ਨਾਲ ਚੀਕਾਂ ਮਾਰਦੇ ਹੋਏ ਕਾਹਲੀ ਕਾਹਲੀ ਆਪਣੇ ਹੱਥ ਪੈਰ ਹਿਲਾਉਣ ਲੱਗਾ । ਕੁਝ ਦੇਰ ਬਾਅਦ ਫਲਾਸਫਰ ਨੇ ਮਲਾਹਾਂ ਨੂੰ ਫੇਰ ਹੁਕਮ ਦਿੱਤਾ ਕਿ ਗ਼ੁਲਾਮ ਨੂੰ ਜਹਾਜ਼ ਵਿਚ ਵਾਪਸ ਲੈ ਆਓ । ਵਾਪਸ ਪੁੱਜ ਕੇ ਡਰਿਆ ਤੇ ਹਾਰਿਆ ਹੁੱਟਿਆ ਗ਼ੁਲਾਮ ਬਿਲਕੁਲ ਚੁੱਪ ਹੋ ਗਿਆ । ਅਮੀਰ ਇਸ ਅਚਾਨਕ ਤਬਦੀਲੀ ਨੂੰ ਦੇਖ ਦੇ ਦੰਗ ਰਹਿ ਗਿਆ । ਉਹਨੇ ਫਲਾਸਫਰ ਤੋਂ ਇਹਦਾ ਕਾਰਨ ਪੁੱਛਿਆ । ਫਲਾਸਫਰ ਨੇ ਕਿਹਾ, "ਅਸੀ ਕਿਸੇ ਸਥਿਤੀ ਵਿਚ ਕਿਤਨੇ ਠੀਕ ਠਾਕ ਹਾਂ ਇਸ ਦਾ ਪਤਾ ਸਾਨੂੰ ਉਸਤੋਂ ਮਾੜੀ ਸਥਿਤੀ ਵਿਚ ਪੈ ਕੇ ਹੀ ਲਗਦਾ ਹੈ ।"



Downloaded From: http://iasexamportal.com

Downloaded From: http://iasexamportal.com

**Q5.** ਹੇਠ ਲਿਖੇ ਗੱਦ-ਟੋਟੇ ਦਾ ਪੰਜਾਬੀ ਵਿਚ ਅਨੁਵਾਦ ਕਰੋ : *20*

Man has always been fascinated by dreams. He has always tried to find explanations for his dreams. Perhaps dreams tell us about the future or the past, perhaps they tell us about our deepest fears and hopes. I don't know. Today, I want to give you a completely different explanation. But before I do so, I must give you one or two facts about dreams. First of all, everybody dreams. You often hear people say, 'I never dream,' when they mean, 'I can never remember my dreams.' When we dream, our eyes move rapidly in our sleep as if we were watching a moving picture, following it with our eyes. This movement is called 'REM', that is Rapid Eye Movement. REM sleep is the sleep that matters. Experiments have proved that if we wake people up throughout the night during REM, they will feel exhausted the next day. But they won't feel tired at all if we wake them up at times when they are not dreaming. So the lesson is clear : it is dreaming that really refreshes us, not just sleep. We always dream more if we have had to do without sleep for any length of time.

If that is the case, how can we explain it ? I think the best parallel I can draw is with computers. After all, a computer is a very primitive sort of brain. To make a computer work, we give it a program. When it is working, we can say it is 'awake'. If ever we want to change the program, that is to change the information we put into the computer, what do we do ? Well, we have to stop the computer and put in a new program or change the old program.

**Q6.** (a) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋ ਕਿ ਉਹਨਾਂ ਦੇ ਅਰਥ ਸਪਸ਼ਟ ਹੋ ਜਾਣ : *1×10=10*

(i) ਟਕਸਾਲ *1*

(ii) ਜਿਸਮਾਨੀ *1*

(iii) ਇਮਾਨਦਾਰੀ *1*

(iv) ਸ਼ਿੰਗਾਰਨਾ *1*

(v) ਵਿਚੋਲਾ *1*

(vi) ਮਦਾਰੀ *1*

(vii) ਬੈਠਕ *1*

(viii) ਕਰਮ-ਕਾਂਡ *1*

(ix) ਬਰਾਬਰੀ *1*

(x) ਨੌਕਰਸ਼ਾਹੀ *1*



Downloaded From: http://iasexamportal.com

Downloaded From: http://iasexamportal.com

(b) ਹੇਠ ਲਿਖੇ ਅਖਾਣਾਂ-ਮੁਹਾਵਰਿਆਂ ਨੂੰ ਅਰਥ ਦਸਕੇ ਵਾਕਾਂ ਵਿਚ ਵਰਤੋ : 2×5=10

(i) ਅੱਗ ਲਾਉਣੀ 2

(ii) ਨਾਲੇ ਚੋਰ ਨਾਲੇ ਚਤਰ 2

(iii) ਠੰਡੇ ਦੁੱਧ ਨੂੰ ਫੂਕਾਂ ਮਾਰਨੀਆਂ 2

(iv) ਕੱਛਾਂ ਵਜਾਉਣੀਆਂ 2

(v) ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਉਣਗੇ 2

(c) ਹੇਠ ਲਿਖੇ ਸ਼ਬਦ-ਜੋੜ ਠੀਕ ਕਰਕੇ ਲਿਖੋ : 1×10=10

(i) ਸਤੌਣਾ 1

(ii) ਵਰਹਾ 1

(iii) ਆਈਆ 1

(iv) ਪੁਤ੍ਰ 1

(v) ਨੰਬ੍ 1

(vi) ਪੀਵਣਾ 1

(vii) ਅਨਗਿਨਤ 1

(viii) ਜੈਦਾ 1

(ix) ਦੁਦ 1

(x) ਪਤਿ 1

(d) ਹੇਠ ਲਿਖੇ ਅਗੇਤਰ-ਪਿਛੇਤਰ ਲਗਾ ਕੇ ਸ਼ਬਦ ਬਣਾਓ : 2×5=10

(i) ਪੁਨਰ 2

(ii) ਈਲਾ 2


(iii) ਮਾਨ 2

(iv) ਸ਼ਾਹ 2

(v) ਤਾਈ 2



Downloaded From: http://iasexamportal.com




# Prited Study Material forIAS Mains General Studies (GS I + GS II + GS III + GS IV)

## What you will get:


- 100% G.S. Syllabus Covered
- 8+ Booklets
- More Than 2500+ Pages
- Guidance & Support from Our Experts

## Our Objectives:

- Firstly to cover 100% civil service Mains examination (IAS) syllabus.
- Secondly to compile all the required study materials in a single place, So to save the precious time of the aspirants.

**For More Information Click below Link**

http://iasexamportal.com/civilservices/study-kit/gs-mains





# General Studies Test Series for IAS Mains Examination

## What you will get:

- **Login id & Password for online discussion**
- **Question Papers ( 12 Mock Tests : PDF File )**
- **Evaluated Answer Booklet by experts with proper feedback, comments & guidance.**
- **Answer format ( Synopsis ) of Mock Test paper**
- **Comprehensive analysis of previous year questions &**
- **Mode of Discussion: Email ,Telephonic and Online Discussion**
- **Value Addition material like**
    a. **Current General Studies Magazine**
    b. **Solved papers of General Studies Mains 2013**
    c. **Categorised question papers of last ten years of General Studies Mains Exam**
    d. **Trend Analysis**

## For More Information Click below Link

http://iasexamportal.com/civilservices/test-series/ias-mains-gs




# Online Coaching for IAS Mains General Studies I, II, III & IV (Combo)

## What you will Get (?)

- General Studies (Paper – I, II, III & IV) Online 100 % Reading Material of the Syllabus (Which can be saved easily)
- Slides (For Giving Summary of Each Topics)
- Categorized Unit and Sub-Unit Wise Question Papers of General Studies
- Current General Studies Magazine (Indispensable Magazine for General Studies)
- Daily Answer Writing Challenge for IAS Mains Contemporary Issues
- It is full of tips on areas of emphasis, caution while reading and writing , how to write the answer (?) .
- Model Test Question Paper for General Studies - I, II, III and IV for Mains Exam
- Online and Telephonic interaction with the course director, and continuous evaluation through a regular online writing session in every chapter and topic.

## For More Information Click below Link

http://iasexamportal.com/civilservices/courses/ias-mains-gs-combo